# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 27-01-2025**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਜ ਨਵੀਂ ਦਿਲੀ ਦੇ ਕਰਿਅਪਾ ਪਰੇਡ ਗਰਾਊਂਡ ਵਿਚ ਸਾਲਾਨਾ ਨੈਸ਼ਨਲ ਕੈਡੇਟ ਕੋਰ ਰੈਲੀ ਨੂੰ ਸੰਬੋਧਨ ਕਰਨਗੇ। ਇਸ ਸਾਲ ਦੀ ਪ੍ਰਧਾਨ ਮੰਤਰੀ ਰੈਲੀ ਦਾ ਵਿਸ਼ਾ ਯੁਵਾ ਸ਼ਕਤੀ, ਵਿਕਸਤ ਭਾਰਤ ਹੋਵੇਗਾ। ਸਮਾਗਮ ਦੌਰਾਨ 800 ਤੋਂ ਵਧ ਕੈਡਿਟਾਂ ਵਲੋਂ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ, ਜੋ ਕਿਰਾਸ਼ਟਰ ਨਿਰਮਾਣ ਲਈ ਐਨਸੀਸੀ ਦੀ ਵਚਨਬਧਤਾ ਨੂੰ ਦਰਸਾਉਂਦਾ ਏ। ਇਸ ਤੋਂ ਇਲਾਵਾ ਰੈਲੀ ਵਿਚ 18 ਦੋਸਤ ਦੇਸ਼ਾਂ ਦੇ 144 ਨੌਜਵਾਨ ਕੈਡਿਟਾਂ ਦੀ ਹਿਸੇਦਾਰੀ ਦੇਖਣ ਨੂੰ ਮਿਲੇਗੀ। ਨਾਲ ਹੀ ਮੇਰਾ ਯੁਵਾ ਭਾਰਤ, ਸਿਖਿਆ ਮੰਤਰਾਲੇ ਤੇ ਦੇਸ਼ ਭਰ ਤੋਂ ਕਬਾਇਲੀ ਮਾਮਲਿਆਂ ਦੇ 650 ਤੋਂ ਵਧ ਵਾਲੰਟੀਅਰਸ ਵਿਸ਼ੇਸ਼ ਮਹਿਮਾਨ ਵਜੋਂ ਰੈਲੀ ਵਿਚ ਸ਼ਾਮਲ ਹੋਣਗੇ।

---

ਸੀਮਾ ਸੁਰੱਖਿਆ ਬਲ (ਬੀਐਸਐਫ) ਨੇ ਪਿਛਲੇ ਇਕ ਸਾਲ ਜਨਵਰੀ, 2024 ਤੋਂ ਇਸ ਸਾਲ 26 ਜਨਵਰੀ ਤੱਕ, ਪੰਜਾਬ ਦੀ ਸਰਹੱਦ 'ਤੇ 05

ਪਾਕਿਸਤਾਨੀ ਘੁਸਪੈਠੀਆਂ ਨੂੰ ਨਾਕਾਮ ਕੀਤਾ ਏ ਅਤੇ ਪਾਕਿਸਤਾਨ ਤੋਂ ਭਾਰਤੀ ਖੇਤਰ ਵਿੱਚ ਘੁਸਪੈਠ ਦੌਰਾਨ 30 ਪਾਕਿ ਨਾਗਰਿਕਾਂ ਨੂੰ ਫੜਿਆ ਗਿਆ ਏ। ਬੀਐਸਐਫ ਦੇ ਵਧੀਕ ਡਾਇਰੈਕਟਰ ਜਨਰਲ ਸਤੀਸ਼ ਖੰਡਾਰੇ ਨੇ ਬੀਤੀ ਸ਼ਾਮ ਅੰਮ੍ਰਿਤਸਰ ਵਿਚ ਮੀਡੀਆ ਨਾਲ ਗੱਲਬਾਤ ਦੌਰਾਨ ਖੁਲਾਸਾ ਕੀਤਾ ਕਿ ਬੀਐਸਐਫ ਨੇ ਇਸੇ ਸਮੇਂ ਦੌਰਾਨ 101 ਭਾਰਤੀ ਤਸਕਰਾਂ ਨੂੰ ਵੀ ਫੜਿਆ ਏ। ਇੰਸਪੈਕਟਰ ਜਨਰਲ, ਬੀਐਸਐਫ, ਪੰਜਾਬ ਫਰੰਟੀਅਰ, ਡਾ. ਅਤੁਲ ਫੁਲਜ਼ਲੇ ਦੇ ਨਾਲ, ਸ੍ਰੀ ਖੰਡਾਰੇ ਨੇ ਦੱਸਿਆ ਕਿ ਬੀਐਸਐਫ ਨੇ 301 ਕਿਲੋ ਹੈਰੋਇਨ, 319 ਪਾਕਿਸਤਾਨੀ ਡਰੋਨ, 40 ਹਥਿਆਰ ਤੇ 375 ਤੋਂ ਵੱਧ ਗੋਲਾ ਬਾਰੂਦ ਬਰਾਮਦ ਕੀਤਾ ਏ। ਸ੍ਰੀ ਖੰਡਾਰੇ ਨੇ ਸਰਹੱਦ ਪਾਰ ਅਪਰਾਧਾਂ ਨੂੰ ਰੋਕਣ ਲਈ ਬੀਐਸਐਫ ਦੀ ਸਹਾਇਤਾ ਲਈ ਪੇਂਡੂ ਰੱਖਿਆ ਕਮੇਟੀਆਂ (ਵੀਡੀਸੀ) ਦੇ ਸਹਿਯੋਗ ਦੀ ਸ਼ਲਾਘਾ ਕੀਤੀ ਏ।

------------------------------------------------------

ਅੰਮ੍ਰਿਤਸਰ ਕਾਊਂਟਰ ਇੰਟੈਲੀਜੈਂਸ ਵਿੰਗ ਨੇ ਖੁਫੀਆ ਜਾਣਕਾਰੀ 'ਤੇ ਆਧਾਰਿਤ ਕਾਰਵਾਈ ਦੌਰਾਨ ਪੰਜਾਬ 'ਚ ਇੱਕ ਗਿਰੋਹ ਦੇ 6 ਵਿਅਕਤੀਆਂ ਨੂੰ ਹਥਿਆਰਾਂ ਅਤੇ ਗੋਲਾ ਬਾਰੂਦ ਸਮੇਤ ਗ੍ਰਿਫਤਾਰ ਕਰਕੇ ਵੱਡੀ ਟਾਰਗੇਟ ਕਿਲਿੰਗ ਨੂੰ ਨਾਕਾਮ ਦਿੱਤਾ ਏ। ਪੰਜਾਬ ਪੁਲਿਸ ਦੇ ਮੁਖੀ ਗੌਰਵ ਯਾਦਵ ਨੇ ਦੱਸਿਆ ਕਿ ਇਹ ਮੁਲਜ਼ਮ

ਸਾਲ 2022 ਕਬੱਡੀ ਖਿਡਾਰੀ ਸੰਦੀਪ ਸਿੰਘ ਨੰਗਲ ਅੰਬੀਆਂ ਦੇ ਕਤਲ ਤੇ ਹੋਰ ਅਪਰਾਧਾਂ ਵਿਚ ਸ਼ਾਮਲ ਸਨ । **BYTE:**

--------------------------------------------------

ਭਾਰਤ ਪਾਕ ਸਰਹੱਦ ਤੇ ਸਾਦਕੀ ਚੌਕੀ ਵਿਖੇ 60 ਮੀਟਰ ਉੱਚਾ ਤਿਰੰਗਾ ਝੰਡਾ ਲਗਾਉਣ ਦੇ ਪ੍ਰੋਜੈਕਟ ਦਾ ਨੀਹ ਪੱਥਰ ਫ਼ਾਜ਼ਿਲਕਾ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਰੱਖਿਆ । ਉਨਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਫਾਜ਼ਿਲਕਾ ਨੂੰ ਜਿੱਥੇ ਸੈਰ ਸਪਾਟੇ ਦੇ ਮਾਨ ਚਿੱਤਰ ਤੇ ਪ੍ਰਮੁੱਖਤਾ ਨਾਲ ਉਭਾਰਨਾ ਚਾਹੁੰਦੀ ਹੈ ਤੇ ਸਾਡੇ ਰਾਸ਼ਟਰੀ ਝੰਡੇ ਨੂੰ ਵੀ ਸਭ ਤੋਂ ਉੱਚਾ ਕਰਕੇ ਲਗਾਉਣ ਦਾ ਇੱਥੇ ਪ੍ਰਾਜੈਕਟ ਸ਼ੁਰੂ ਹੋ ਰਿਹਾ ਹੈ। ਇਸ ਉੱਪਰ 75 ਲੱਖ ਰੁਪਏ ਦਾ ਖਰਚ ਆਵੇਗਾ ਅਤੇ ਇਹ ਪ੍ਰੋਜੈਕਟ ਚਾਰ ਮਹੀਨਿਆਂ ਵਿਚ ਬਣ ਕੇ ਮੁਕੰਮਲ ਹੋ ਜਾਵੇਗਾ। ਜਿਕਰਯੋਗ ਹੈ ਕਿ ਸਾਦਕੀ ਚੌਕੀ ਵਿਖੇ ਪਹਿਲਾਂ ਪਾਕਿਸਤਾਨ ਵਾਲੇ ਪਾਸੇ ਤੇ ਪਾਕਿਸਤਾਨ ਦਾ ਕੌਮੀ ਝੰਡਾ ਲਗਭਗ 50 ਮੀਟਰ ਦੀ ਉਚਾਈ ਤੇ ਲੱਗਿਆ ਹੋਇਆ ਸੀ ਪਰ ਹੁਣ ਭਾਰਤ ਦਾ ਕੌਮੀ ਝੰਡਾ 60 ਮੀਟਰ ਦੀ ਉਚਾਈ ਤੇ ਲਗਾਇਆ ਜਾਵੇਗਾ।ਉਹਨਾਂ ਨੇ ਕਿਹਾ ਕਿ ਇਹ ਸਥਾਨ ਸਾਡੇ ਰਾਸ਼ਟਰੀ ਮਾਣ ਦਾ ਪ੍ਰਤੀਕ ਏ।

---------------------------------------------------------

ਸੀਮਾ ਸੁਰੱਖਿਆ ਬਲ (BSF) ਪੰਜਾਬ ਫਰੰਟੀਅਰ ਵੱਲੋਂ, 23 ਫਰਵਰੀ ਤੋਂ 'ਬਾਡਰਮੈਨ ਮੈਰਾਥਨ-2025' ਦੇ ਚੌਥੇ ਐਡੀਸ਼ਨ ਦਾ ਆਯੋਜਨ ਕੀਤਾ ਜਾ ਰਿਹਾ ਏ। ਇਹ ਸਾਲਾਨਾ ਮੈਰਾਥਨ, ਅੰਮ੍ਰਿਤਸਰ ਦੇ ਗੋਲਡਨ ਗੇਟ ਤੋਂ ਸ਼ੁਰੂ ਹੋ ਕੇ ਅਟਾਰੀ ਬਾਰਡਰ ਤਕ ਜਾਵੇਗੀ । ਇਸ ਵਿੱਚ, 42 ਕਿਲੋਮੀਟਰ ਫੁਲ ਮੈਰਾਥਨ, 21 ਕਿਲੋਮੀਟਰ ਹਾਫ ਮੈਰਾਥਨ ਅਤੇ 10 ਕਿਲੋਮੀਟਰ ਦੌੜ ਸ਼ਾਮਲ ਏ। ਮੈਰਾਥਨ ਦਾ ਵਿਸ਼ਾ ਏ - "Hand In Hand with Border Population"। ਇਹ ਮੈਗਾ ਈਵੈਂਟ, BSF ਵੱਲੋਂ ਪੰਜਾਬ ਦੇ ਨੌਜਵਾਨਾਂ ਨੂੰ, ਸਰੀਰਕ ਤੰਦਰੁਸਤੀ ਪ੍ਰਤੀ ਪ੍ਰੇਰਿਤ ਕਰਨ ਅਤੇ ਨਸ਼ਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਕਰਵਾਇਆ ਜਾ ਰਿਹਾ ਏ। ਇਸਦਾ ਉਦੇਸ਼ ਦੇਸ਼ ਭਰ ਦੇ ਦੌੜਾਕਾਂ ਨੂੰ ਸੰਜਮ , ਏਕਤਾ ਅਤੇ ਦੇਸ਼ ਭਗਤੀ ਦਾ ਜਸ਼ਨ ਮਨਾਉਣ ਲਈ ਸੱਦਾ ਦੇਣਾ ਏ । ਮੈਰਾਥਨ ਲਈ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਏ । 42 ਕਿਲੋਮੀਟਰ ਅਤੇ 21 ਕਿਲੋਮੀਟਰ ਦੌੜ ਵਿੱਚ ਹਿੱਸਾ ਲੈਣ ਵਾਲੀਆਂ ਸਾਰੀਆਂ ਮਹਿਲਾ ਪ੍ਰਤੀਯੋਗੀਆਂ ਅਤੇ ਸਰਹੱਦੀ ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਫ਼ਿਰੋਜ਼ਪੁਰ ਅਤੇ ਫ਼ਾਜ਼ਿਲਕਾ ਦੇ ਲੋਕਾਂ ਲਈ ਰਜਿਸਟ੍ਰੇਸ਼ਨ ਮੁਫ਼ਤ ਏ। ਜੇਤੂ ਨੂੰ ਫੁਲ ਮੈਰਾਥਨ ਲਈ, ਇਕ ਲੱਖ 50 ਹਜ਼ਾਰ ਰੁਪਏ ,

ਹਾਫ ਮੈਰਾਥਨ ਲਈ, 75 ਹਜ਼ਾਰ  ਅਤੇ 10 ਕਿਲੋਮੀਟਰ ਦੌੜ ਲਈ, 50 ਹਜ਼ਾਰ ਰੁਪਏ ਇਨਾਮ ਵਜੋਂ ਦਿੱਤੇ ਜਾਣਗੇ।